# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 3

# ਗੈਰ ਖੇਤੀਬਾੜੀ ਮਾਹੌਲ ਵਿੱਚ ਬੰਦ ਸਿਸਟਮ, ਬੰਦ ਗੱਡੀਆਂ ਅਤੇ ਪਾਣੀ ਦੇ ਘੋਲ ਵਾਲੀ ਪੈਕੇਜਿੰਗ

**ਜੇ ਤੁਸੀਂ ਖ਼ਤਰਨਾਕ ਕੀਟਨਾਸ਼ਕ ਨੂੰ ਹੱਥਾਂ ਨਾਲ ਕੱਢਦੇ ਹੋ ਜਾਂ ਰਲਾਉਂਦੇ ਹੋ, ਤਾਂ ਤੁਹਾਨੂੰ ਬੀਮਾਰ ਜਾਂ ਜ਼ਖ਼ਮੀ ਹੋਣ ਦਾ ਵੱਡਾ ਖ਼ਤਰਾ ਹੈ।** ਜਦੋਂ ਤੁਸੀਂ ਅਜਿਹੇ ਕੀਟਨਾਸ਼ਕਾਂ ਨੂੰ ਇਸਤੇਮਾਲ ਕਰਦੇ ਹੋਵੋ, ਤਾਂ ਇਨ੍ਹਾਂ ਲਈ ਹੋਰ ਵੱਧ ਸੁਰੱਖਿਆ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਤੁਹਾਨੂੰ ਜ਼ਰੂਰ ਕਰਨੀ ਚਾਹੀਦੀ ਹੈ। ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਤੁਸੀਂ ਅਜਿਹੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਇਨ੍ਹਾਂ ਨਿਯਮਾਂ ਨੂੰ ਜਾਣਦੇ ਹੋ।

ਜਦੋਂ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ ਅਤੇ ਇਸਤੇਮਾਲ ਕਰਦੇ ਹੋ, ਤੁਹਾਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੇ ਬਹੁਤ ਸਾਰੇ ਤਰੀਕੇ ਹਨ। ਤੁਹਾਨੂੰ ਲੇਬਲ ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਸਹੀ ਕਿਸਮ ਦੇ ਅਤੇ ਨਿੱਜੀ ਸੁਰੱਖਿਆ ਉਪਕਰਣ (PPE) ਪਾਣ, ਅਤੇ ਸਹੀ ਕਿਸਮ ਦੇ ਉਪਕਰਣਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਖ਼ਤਰਨਾਕ ਕੀਟਨਾਸ਼ਕਾਂ ਲਈ ਵਿਸ਼ੇਸ਼ ਕਿਸਮ ਦੇ ਉਪਕਰਣ ਅਤੇ ਪੈਕੇਜਿਜ਼ ਹਨ, ਜੋ ਤੁਹਾਨੂੰ ਸੁਰੱਖਿਅਤ ਰੱਖ ਸਕਦੇ ਹਨ।

ਸੁਰੱਖਿਆ ਸੂਚਕ

**3**

**ਭਾਵੇਂ ਤੁਸੀਂ ਇਕ ਬੰਦ ਸਿਸਟਮ ਇਸਤੇਮਾਲ ਕਰ ਰਹੇ ਹੋ, ਤੁਹਾਨੂੰ ਅੱਖਾਂ ਦੇ ਉਪਕਰਣ ਹਮੇਸ਼ਾਂ ਜ਼ਰੂਰ ਪਾਣੇ ਚਾਹੀਦੇ ਹਨ।**



## ਖ਼ਤਰਨਾਕ ਕੀਟਨਾਸ਼ਕਾਂ ਤੋਂ ਵਾਧੂ ਸੁਰੱਖਿਆ ਦੇ ਇਹ ਤਿੰਨ ਤਰੀਕੇ ਹਨ

### 1. ਬੰਦ ਸਿਸਟਮ

"ਬੰਦ ਸਿਸਟਮ" ਇਕ ਮਸ਼ੀਨ ਹੈ, ਜੋ ਤੁਹਾਡੇ ਲਈ ਕੀਟਨਾਸ਼ਕ ਨੂੰ ਕੰਟੇਨਰ ਤੋਂ ਬਾਹਰ ਕੱਢਦੀ ਅਤੇ ਫਿਰ ਕੰਟੇਨਰ ਨੂੰ ਹੰਗਾਲ ਕੇ ਸਾਫ਼ ਕਰਦੀ ਹੈ। ਜੇ ਤੁਸੀਂ ਮਸ਼ੀਨ ਦਾ ਸਹੀ ਢੰਗ ਨਾਲ ਇਸਤੇਮਾਲ ਕਰੋ, ਤਾਂ ਇਹ ਕੀਟਨਾਸ਼ਕ ਨੂੰ ਤੁਹਾਡੇ ਸਰੀਰ ਤੋਂ ਦੂਰ ਰੱਖਦੀ ਅਤੇ ਕੀਟਨਾਸ਼ਕ ਨੂੰ ਇਸਤੇਮਾਲ ਕਰਨ ਵਾਲੇ ਟੈਂਕ ਵਿੱਚ ਵੀ ਸੁੱਟਦੀ ਹੈ ਅਤੇ ਫਿਰ ਤੁਹਾਡੇ ਲਈ ਕੰਟੇਨਰਾਂ ਅਤੇ ਹੋਜ਼ਾਂ (ਨਾਲੀਆਂ) ਨੂੰ ਹੰਗਾਲ ਕੇ ਸਾਫ਼ ਕਰਦੀ ਹੈ। ਇਕ ਬੰਦ ਸਿਸਟਮ ਇਸਤੇਮਾਲ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਟਰੇਨਿੰਗ ਲੈਣੀ ਜ਼ਰੂਰੀ ਹੈ ਕਿ ਇਸਨੂੰ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ ਤੇ ਕਿਹੜੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਹੈ।

## ਮੈਨੂੰ ਬੰਦ ਸਿਸਟਮ ਕਦੋਂ ਇਸਤੇਮਾਲ ਕਰਨਾ ਚਾਹੀਦਾ ਹੈ ?

ਤੁਹਾਨੂੰ ਇਸਦਾ ਇਸਤੇਮਾਲ ਕਰਨਾ ਚਾਹੀਦਾ ਹੈ, ਜੇ:


- ਲੇਬਲ ਤੇ "ਬੰਦ ਸਿਸਟਮ" ਇਸਤੇਮਾਲ ਕਰਨ ਲਈ ਕਿਹਾ ਗਿਆ ਹੋਵੇ; ਜਾਂ
- ਤੁਸੀਂ ਘੱਟ ਤੋਂ ਘੱਟ ਐਕਸਪੋਜ਼ਰ ਵਾਲੇ ਕਿਸੇ ਕੀਟਨਾਸ਼ਕ ਨੂੰ ਰਲਾਉਂਦੇ ਹੋ (ਇਸ ਬਾਰੇ ਹੋਰ ਜਾਣਕਾਰੀ ਲਈ N-6 ਸੁਰੱਖਿਆ ਲੀਫ਼ਲੈਟ (ਪਰਚਾ) ਵੇਖੋ)।

ਜੇ ਤੁਸੀਂ ਇਕ ਦਿਨ ਵਿੱਚ ਇਕੋ ਕੰਟੇਨਰ ਵਿੱਚੋਂ ਇੱਕ ਗੈਲਨ ਜਾਂ ਇਸ ਤੋਂ ਘੱਟ ਦੇ ਕੀਟਨਾਸ਼ਕ ਨੂੰ ਰਲਾਉਂਦੇ ਹੋ, ਭਰਦੇ ਹੋ ਤਾਂ ਤੁਹਾਨੂੰ ਬੰਦ ਸਿਸਟਮ ਦੇ ਇਸਤੇਮਾਲ ਦੀ ਜ਼ਰੂਰਤ ਨਹੀਂ।



## ਜੇ ਮੈਂ ਇਕ ਬੰਦ ਸਿਸਟਮ ਇਸਤੇਮਾਲ ਕਰ ਰਿਹਾ ਹਾਂ, ਕੀ ਮੈਨੂੰ ਫਿਰ ਵੀ ਨਿੱਜੀ ਸੁਰੱਖਿਆ ਉਪਕਰਣ (PPE) ਪਾਣ ਦੀ ਜ਼ਰੂਰਤ ਹੈ ?

ਜਦੋਂ ਤੁਸੀਂ ਬੰਦ ਸਿਸਟਮ ਦਾ ਇਸਤੇਮਾਲ ਕਰਦੇ ਹੋ ਤਾਂ ਵੀ ਤੁਹਾਨੂੰ ਅੱਖਾਂ ਦੀ ਸੁਰੱਖਿਆ ਦਾ ਸਾਮਾਨ ਪਾਣਾ ਚਾਹੀਦਾ ਹੈ; ਪਰ ਕਈ ਵਾਰ ਤੁਸੀਂ ਵੱਖਰੀ ਕਿਸਮ ਦਾ PPE ਪਾ ਸਕਦੇ ਹੋ। ਕੀਟਨਾਸ਼ਕ ਲੇਬਲਾਂ ਅਤੇ ਕੈਲੀਫ਼ੋਰਨੀਆ ਦੇ ਕਾਨੂੰਨਾਂ ਵਿੱਚ ਦੱਸਿਆ ਗਿਆ ਹੈ ਕਿ ਕੁਝ ਵਿਸ਼ੇਸ਼ ਕੀਟਨਾਸ਼ਕਾਂ ਲਈ ਤੁਹਾਨੂੰ ਕਿਹੜੇ ਨਿੱਜੀ ਸੁਰੱਖਿਆ ਉਪਕਰਣ ਦੀ ਜ਼ਰੂਰਤ ਹੈ। ਇਸ ਸ਼ੀਟ ਦੇ ਪਿਛਲੇ ਪੰਨੇ ਤੇ ਇਕ ਚਾਰਟ ਹੈ ਜਿਸ ਵਿੱਚ ਨਿੱਜੀ ਸੁਰੱਖਿਆ ਉਪਕਰਣ ਦੀਆਂ ਉਹ ਕਿਸਮਾਂ ਦਿੱਤੀਆਂ ਗਈਆਂ ਹਨ, ਜੋ ਤੁਸੀਂ ਬੰਦ ਸਿਸਟਮ ਦੇ ਇਸਤੇਮਾਲ ਸਮੇਂ ਪਾ ਸਕਦੇ ਹੋ। ਜੇ ਤੁਸੀਂ ਬੰਦ ਸਿਸਟਮ ਇਸਤੇਮਾਲ ਕਰਦਿਆਂ PPE ਪਾਣਾ ਨਹੀਂ ਚਾਹੁੰਦੇ ਹੋ, ਤਾਂ ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦੀ ਹੈ ਕਿ ਸਹੀ ਕਿਸਮ ਦਾ ਨਿੱਜੀ ਸੁਰੱਖਿਆ ਉਪਕਰਣ (PPE) ਉਥੇ ਪਿਆ ਹੋਵੇ, ਜਿੱਥੇ ਤੁਸੀਂ ਕਿਸੀ ਐਮਰਜੈਂਸੀ ਲਈ ਕੀਟਨਾਸ਼ਕਾਂ ਨੂੰ ਰਲਾਉਂਦੇ ਹੋ।



## ਬੰਦ ਸਿਸਟਮ ਦੀ ਦੇਖਭਾਲ ਕੌਣ ਕਰਦਾ ਹੈ ?

ਤੁਹਾਡੇ ਮਾਲਿਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੰਦ ਸਿਸਟਮ ਸਹੀ ਤਰ੍ਹਾਂ ਨਾਲ ਕੰਮ ਕਰ ਰਿਹਾ ਹੈ ਅਤੇ ਇਸ ਦੀ ਬਕਾਇਦਾ ਸਫ਼ਾਈ ਹੁੰਦੀ ਹੈ। ਜੇ ਇਹ ਸਹੀ ਕੰਮ ਨਾ ਕਰ ਰਿਹਾ ਹੋਵੇ, ਤਾਂ ਇਹ ਤੁਹਾਡੀ ਸੁਰੱਖਿਆ ਨਹੀਂ ਕਰ ਸਕਦਾ। ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਉਹ ਸਹੀ ਤਰ੍ਹਾਂ ਫਿਕਸ ਹੋਵੇ, ਇਸ ਲਈ ਇੰਤਜ਼ਾਰ ਕਰਨ ਦਾ ਤੁਹਾਡਾ ਹੱਕ ਹੈ।

### 2. ਬੰਦ ਗੱਡੀਆਂ

ਇਕ "ਬੰਦ ਗੱਡੀਆਂ" ਉਹ ਥਾਂ ਹੈ ਜਿਥੇ ਤੁਸੀਂ ਬੈਠ ਕੇ ਆਪਣੇ ਆਲੇ ਦੁਆਲੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਿਆਂ ਸੁਰੱਖਿਅਤ ਰਹਿ ਸਕਦੇ ਹੋ। ਇਹ ਟਰੈਕਟਰ ਜਾਂ ਟਰੱਕ ਜਾਂ ਕਾਰ ਵੀ ਹੋ ਸਕਦੀ ਹੈ, ਜਿਸਦੀ ਖਿੜਕੀਆਂ ਤੇ ਦਰਵਾਜ਼ੇ ਬੰਦ ਹੋ ਜਾਣ। ਇਹ ਸਾਰੀਆਂ ਚੀਜ਼ਾਂ ਤੁਹਾਨੂੰ ਕਿਸੇ ਬਾਹਰਲੀ ਚੀਜ਼ ਤੋਂ, ਜਿਸ ਤੇ ਕੀਟਨਾਸ਼ਕ ਹੋਵੇ, ਤੁਹਾਨੂੰ ਛੂਹਣ ਤੋਂ ਬਚਾਈ ਰੱਖਣਗੀਆਂ। ਕੀਟਨਾਸ਼ਕ ਐਪਲੀਕੇਟਰਾਂ ਨੂੰ ਬੰਦ ਗੱਡੀ ਨਾਲ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਮਿਲ ਸਕਦੀ ਹੈ।

**ਬੰਦ ਗੱਡੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ -**

- ਉਹ ਗੱਡੀਆਂ ਜਿਨ੍ਹਾਂ ਵਿੱਚ ਤੁਹਾਨੂੰ ਸੁਰੱਖਿਅਤ ਰੱਖਣ ਲਈ ਸਿਰਫ਼ ਦਰਵਾਜ਼ੇ ਅਤੇ ਖਿੜਕੀਆਂ ਹਨ। ਉਨ੍ਹਾਂ ਵਿੱਚੋਂ ਬਾਹਰੋਂ ਆਉਣ ਵਾਲੀ ਹਵਾ ਨੂੰ ਸਾਫ ਰੱਖਣ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਇਸ ਲਈ ਤੁਸੀਂ ਕੀਟਨਾਸ਼ਕ ਨੂੰ ਸਾਹ ਵਿੱਚ ਆਪਣੇ ਅੰਦਰ ਲਿਜਾਉਣ ਤੋ ਸੁਰੱਖਿਅਤ ਨਹੀਂ ਹੁੰਦੇ।
- ਉਹ ਬੰਦ ਗੱਡੀਆਂ ਜਿਨ੍ਹਾਂ ਵਿੱਚ ਹਵਾ ਸਾਫ਼ ਕਰਨ ਵਾਲੇ ਫਿਲਟਰ ਲਗੇ ਹੋਏ ਹਨ ਜੋ ਕੀਟਨਾਸ਼ਕਾਂ ਨੂੰ ਤੁਹਾਡੇ ਸਾਹ ਵਿੱਚ ਆਉਣ ਤੋਂ ਰੋਕ ਸਕਦੇ ਹਨ।



### 3. ਪਾਣੀ ਦੇ ਘੋਲ ਵਾਲੇ ਪੈਕੇਜਿੰਗ

ਪਾਣੀ ਦੇ ਘੋਲ ਵਾਲਾ ਪੈਕੇਜ ਇਕ ਵਿਸ਼ੇਸ਼ ਕੀਟਨਾਸ਼ਕ ਕੰਟੇਨਰ ਜਾਂ ਪੈਕੇਜ ਹੈ। ਜਦੋਂ ਤੁਸੀਂ ਪੈਕੇਜ ਨੂੰ ਪਾਣੀ ਵਿੱਚ ਪਾਂਦੇ ਹੋ, ਤਾਂ ਪੈਕੇਜ ਅਤੇ ਕੀਟਨਾਸ਼ਕ ਦੋਵੇਂ ਘੁਲ ਜਾਂਦੇ ਹਨ। ਪਾਣੀ ਦੇ ਘੋਲ ਵਾਲੀ ਪੈਕੇਜਿੰਗ ਵੀ ਬੰਦ ਸਿਸਟਮ ਨਾਲ ਕੀਟਨਾਸ਼ਕਾਂ ਦੇ ਇਸਤੇਮਾਲ ਦੌਰਾਨ ਤੁਹਾਨੂੰ ਸੁਰੱਖਿਅਤ ਰੱਖਦੀ ਹੈ। ਇਸ ਕਿਸਮ ਦੇ ਪੈਕੇਜ ਨੂੰ ਕਦੇ ਵੀ ਕਟਕੇ ਨਾ ਖੋਲੋ ਭਾਵੇਂ ਤੁਸੀਂ ਇਸ ਦਾ ਥੋੜਾ ਜਿਹਾ ਹਿੱਸਾ ਹੀ ਇਸਤੇਮਾਲ ਕਰਨਾ ਹੋਵੇ। ਇਸ ਤਰ੍ਹਾਂ ਕਰਨ ਨਾਲ ਕੀਟਨਾਸ਼ਕ ਦਾ ਤੁਹਾਡੇ ਤੇ ਡੁੱਲ੍ਹ ਜਾਂ ਪੈ ਜਾਣ ਦਾ ਅਤੇ ਤੁਹਾਡੇ ਬੀਮਾਰ ਜਾਂ ਜ਼ਖ਼ਮੀ ਹੋਣ ਦਾ ਵੱਡਾ ਖ਼ਤਰਾ ਹੈ।

## ਬੰਦ ਸਿਸਟਮ, ਬੰਦ ਗੱਡੀਆਂ ਜਾਂ ਪਾਣੀ ਦੇ ਘੋਲ ਵਾਲੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਿਆਂ ਤੁਹਾਨੂੰ ਨਿੱਜੀ ਸੁਰੱਖਿਆ ਉਪਕਰਣਾਂ ਦੀ ਜ਼ਰੂਰਤ ਹੈ।

| ਜੇ ਤੁਸੀਂ ਇਸਤੇਮਾਲ ਕਰਦੇ ਹੋ | ਤੁਸੀਂ ਇਸਤੇਮਾਲ ਕਰ ਸਕਦੇ ਹੋ[1] | ਇਸ ਦੀ ਬਜਾਏ |
|---|---|---|
| "ਖਤਰਾ" ਜਾਂ "ਚੇਤਾਵਨੀ" ਵਾਲੇ ਕੀਟਨਾਸ਼ਕਾਂ ਲਈ ਬੰਦ ਸਿਸਟਮ[2] | ਸਾਰੇ ਸਰੀਰ ਨੂੰ ਢੱਕਣ ਵਾਲੇ ਕਵਰਆਲ, ਰਸਾਇਣ ਪ੍ਰਤਿਰੋਧਕ ਐਪਰਨ, ਅੱਖਾਂ ਦੀ ਸੁਰੱਖਿਆ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| "ਸਾਵਧਾਨੀ" ਵਾਲੇ ਕੀਟਨਾਸ਼ਕਾਂ ਲਈ ਬੰਦ ਸਿਸਟਮ[2] | ਕੰਮ ਦੇ ਕੱਪੜੇ (ਪੈਂਟ, ਕਮੀਜ਼ ਅਤੇ ਸੂਜ਼) ਅੱਖਾਂ ਦੀ ਸੁਰੱਖਿਆ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਬੰਦ ਗੱਡੀ | ਕੰਮ ਦੇ ਕੱਪੜੇ, ਤੇ ਲੇਬਲ ਉੱਤੇ ਸਾਹ ਲੈਣ ਲਈ ਜੇ ਸੁਰੱਖਿਆ ਇਸਤੇਮਾਲ ਕਰਨ ਲਈ ਲਿਖਿਆ ਹੋਵੇ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |
| ਸਾਹ ਲੈਣ ਸੰਬੰਧੀ ਸੁਰੱਖਿਆ ਲਈ ਪ੍ਰਵਾਨਿਤ ਬੰਦ ਗਡੀ[3] | ਕੰਮ ਤੇ ਪਾਣ ਵਾਲੇ ਕੱਪੜੇ | ਕੀਟਨਾਸ਼ਕ ਲੇਬਲ ਅਤੇ PPE ਨਿਯਮਾਂ ਤਹਿਤ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ |

1 ਕਿਸੇ ਬਦਲਵੇਂ ਵਰਕਰ ਲਈ ਲੇਬਲ ਤੋਂ ਦਿਤੇ ਗਏ ਸਾਰੇ ਨਿੱਜੀ ਸੁਰੱਖਿਆ ਉਪਕਰਣ, ਲੇਬਲ, ਨਿਯਮ, ਅਤੇ ਬੰਦਸ਼ ਵਾਲੇ ਸਮਾਨ ਦੇ ਪਰਮਿਟ ਤਹਿਤ ਇਕ ਫੌਰੀ ਜ਼ਰੂਰਤ ਪੈਣ ਤੇ ਸਾਈਟ ਤੇ ਉਪਲਬਧ ਹੋਣੇ ਚਾਹੀਦੇ ਹਨ।

2 ਪਾਣੀ ਦੇ ਘੋਲ ਵਾਲੇ ਪੈਕੇਜ ਦਾ ਇਸਤੇਮਾਲ, ਬੰਦ ਸਿਸਟਮ ਵਿੱਚ ਰਲਾਉਣ ਵਾਂਗ ਹੀ ਮੰਨਿਆ ਜਾਂਦਾ ਹੈ, ਪਰ ਮਿਕਸ ਟੈਂਕ ਵਿੱਚੋਂ ਇਸਤੇਮਾਲ ਵਾਲੇ ਟੈਂਕ ਵਿੱਚ ਬੰਦ ਸਿਸਟਮ ਨਾਲ ਹੀ ਪਾਣਾ ਚਾਹੀਦਾ ਹੈ।

3 ਇਸ ਕਿਸਮ ਦੇ ਬੰਦ ਸਿਸਟਮ ਨੂੰ ਅਮਰੀਕਨ ਸੁਸਾਇਟੀ ਆਫ਼ ਐਗਰੀਕਲਚਰਲ ਐਂਡ ਬਾਇਓਲੌਜੀਕਲ ਇੰਜੀਨਿਅਰਸ [American Society of Agricultural and Biological Engineers (ASABE)] ਦੇ ਮਾਪਦੰਡਾਂ 'ਤੇ ਪੂਰਾ ਉਤਰਨਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ, www.cdpr.ca.gov ਤੇ "ਇੰਜੀਨਿਅਰਿੰਗ ਕੰਟਰੋਲਸ" ਵੇਖੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**